# ਕਹਾਣੀ

## ਅਧਮੋਈ ਰੀਝ

ਦੇਸ਼ ਵੰਡ ਦਾ ਕਹਿਰ ਟੁੱਟ ਚੁੱਕਾ ਸੀ। ਸਰਮਾਏਦਾਰੀ ਦੀਆਂ ਆਪਸੀ ਖੁੰਦਕਾਂ ਨੇ ਧਰਤੀ 'ਤੇ ਐਸੀਆਂ ਝਰੀਟਾਂ ਮਾਰੀਆਂ, ਬੰਦਾ ਬੰਦੇ ਦਾ ਵੈਰੀ ਹੋ ਗਿਆ। ਨਿੱਘੇ ਅਹਿਸਾਸਾਂ ਦੀ ਤਰਜ਼ਮਾਨੀ ਕਰਦੇ ਰਿਸ਼ਤੇ ਕੱਚੇ ਤੰਦਾਂ ਵਾਂਗ ਤਿੜਤਿੜ ਕਰਕੇ ਟੁੱਟ ਚੁੱਕੇ ਸਨ। ਇਕੋ ਥਾਲੀ ਵਿੱਚ ਬਹਿ ਕੇ ਖਾਣ ਵਾਲੇ ਅੱਜ 'ਤੂੰ ਹਿੰਦੂ, ਮੈਂ ਮੁਸਲਮਾਨ, ਮੈਂ ਮੁਸਲਮਾਨ ਤੂੰ ਹਿੰਦੂ' ਕਹਿ-ਕਹਿ ਕੇ ਭੰਡ ਰਹੇ ਸਨ। ਇੱਕ-ਦੂਜੇ ਦੇ ਦੁੱਖ-ਸੁੱਖ ਵਿੱਚ ਸਾਂਝੇ ਹੋਣ ਵਾਲੇ ਅੱਜ ਇੱਕ-ਦੂਜੇ ਨੂੰ ਦੁੱਖਾਂ ਦੇ ਪਰਾਗੇ ਭਰ-ਭਰ ਵੰਡ ਰਹੇ ਸਨ। ਇੱਕ-ਦੂਜੇ ਦੀਆਂ ਇੱਜ਼ਤਾਂ ਦੇ ਰਾਖੇ ਅੱਜ ਖੁਦ ਇੱਜ਼ਤਾਂ ਲੁੱਟਣ ਵਾਲੇ ਬਘਿਆੜ ਬਣ ਚੁੱਕੇ ਸਨ। ਗੱਲ ਇਨਸਾਨੀਅਤ ਤੋਂ ਉਠ ਕੇ ਮਜ਼ਬਾਂ, ਧਰਮਾਂ 'ਤੇ ਆ ਟਿਕੀ ਸੀ। ਜੀਹਨੇ ਪੂਰੇ ਦੇਸ਼ ਵਿੱਚ ਤਰਥੱਲੀ ਮਚਾ ਦਿੱਤੀ ਸੀ। ਘਰੋਂ ਬੇਘਰ ਹੋਈਆਂ ਜ਼ਿੰਦਗੀਆਂ ਆਵਾਰਾਗਰਦੀ ਦੀ ਜ਼ਿੰਦਗੀ ਜਿਉਣ ਲਈ ਮਜਬੂਰ ਹੋਈਆਂ ਪਈਆਂ ਸਨ।

ਦਿਨ-ਦਿਹਾੜੇ ਆਪਣੇ ਹੀ ਘਰੋਂ ਬੇਦਖਲ ਹੋਏ ਨਿਰਵੈਰ ਸਿਹੁੰ ਨੂੰ ਚਿੱਤ ਚੇਤਾ ਵੀ ਨਹੀਂ ਸੀ ਕਿ ਮਹਿਲ ਵਰਗੇ ਘਰ ਅਤੇ ਜਵਾਨ ਹੋਈ ਧੀ ਵਰਗੀ ਬਾਰਾਂ ਏਕੜ ਫਸਲ ਨੂੰ ਸੁੰਨੀ ਰੱਬ ਆਸਰੇ ਛੱਡ ਕੇ ਦੋਜ਼ਖ ਦੀ ਜ਼ਿੰਦਗੀ ਹੰਢਾਉਣੀ ਪਵੇਗੀ। ਪਲਾਂ ਦੇ ਕਹਿਰ ਨੇ ਇਨਸਾਨਾਂ ਵਿਚਲੇ ਦਿਲ ਪੱਥਰ ਦੇ ਕਰ ਦਿੱਤੇ ਸਨ। ਲਾਹੌਰ ਦੇ ਪਾਰਲੇ ਪਾਸੇ ਕਦੀ-ਕਦੀ ਹੱਲੇ-ਗੁੱਲੇ ਦੀਆਂ ਬਾਤਾਂ ਸੁਣੀਂਦੀਆਂ ਸਨ। ਪਰ ਗੁਜਰਾਂਵਾਲੇ ਪਾਸੇ ਸਭ ਸ਼ਾਂਤ ਹੀ ਸੀ।

ਦੋ ਦਿਨ ਪਹਿਲਾਂ ਕਸੂਰ ਦੇ ਮੇਲੇ ਤੋਂ ਲਿਆਂਦੀ ਲੱਕੜ ਦੀ ਸੈਕਲੀ ਨਾਲ ਸਾਢੇ ਕੁ ਤਿੰਨ ਸਾਲ ਦਾ ਨੱਥੂ ਵਾਹਵਾ ਲਾਲਚ 'ਚ ਖੇਡਣ ਲੱਗਾ ਹੋਇਆ ਸੀ ਨਹੀਂ ਤਾਂ ਪ੍ਰੀਤੋ ਨੂੰ ਹੀ ਸਾਰਾ ਦਿਨ ਤੰਗ ਕਰਦਾ ਰਹਿੰਦਾ। ਛੋਟਾ ਹੋਣ ਕਰਕੇ ਮੁਹੱਲੇ ਦੇ ਨਿਆਣੇ ਵੀ ਉਹਨੂੰ ਖੇਡਣ ਨਾਲ ਨਹੀਂ ਸਨ ਲੈ ਕੇ ਜਾਂਦੇ। ਤਰਕਾਲੀਂ ਪ੍ਰੀਤੋ ਸਾਗ ਚੁੱਲ੍ਹੇ 'ਤੇ ਧਰ ਪਸ਼ੂਆਂ ਦੀਆਂ ਧਾਰਾਂ ਕੱਢਣ ਦੇ ਆਹਰ ਲੱਗੀ ਹੋਈ ਸੀ। ਅਚਾਨਕ ਨਿਰਵੈਰ ਖੇਤੋਂ ਵਾਹੋਦਾਹੀ ਭੱਜਾ ਆਉਂਦਾ ਬੋਲਿਆ, 'ਨੱਥੂ ਦੀ ਮਾਂ ਛੇਤੀ ਕਰ ਭੱਜ ਚੱਲੀਏ, ਆਣ ਪਿੰਡ 'ਚ ਆ ਵੜੀ ਐ। ਔਹ ਪਿਛਲੇ ਪਿੰਡ ਸ਼ੇਖੂਪੁਰੇ ਦੇ ਸਾਰੇ ਸਿੱਖਾਂ ਨੂੰ ਘਰੋਂ ਕੱਢ-ਕੱਢ ਮਾਰੀ ਜਾਂਦੇ ਆ। ਇਸ ਤੋਂ ਪਹਿਲਾਂ ਕਿ ਉਹ ਇਧਰ ਆਉਣ ਆਪਾਂ ਭੱਜ ਚੱਲੀਏ...।'

'ਪਰ ਸਰਦਾਰ ਜੀ ਜਾਣਾ ਕਿੱਥੇ ਐ, ਐਨਾ ਵੱਡਾ ਘਰ ਤੇ ਆਹ ਜੈਦਾਤ ਛੱਡ ਕੇ ਕਿਥੇ ਜਾਵਾਂਗੇ ਆਪਾਂ...।' ਪ੍ਰੀਤੋ ਦੇ ਅੰਦਰੋਂ ਆਹ ਜਿਹੀ ਨਿਕਲੀ।

'ਖਸਮਾਂ ਨੂੰ ਖਾਵੇ ਸਭ ਕੁਝ, ਤੂੰ ਜੈਦਾਤ ਨੂੰ ਰੋਨੀ ਐਂ, ਇਥੇ ਜਾਨ ਬਚਦੀ ਨੀ ਦੀਹਦੀ... ਤੂੰ ਮੁੰਡਾ ਚੱਕ ਤੇ ਤੁਰ ਮੇਰੇ ਨਾਲ... ਜੇ ਕਿਸਮਤ 'ਚ ਹੋਇਆ ਤਾਂ ਮਿਲਜੂ ਸਭ ਕੁਸ਼...।' ਹੰਝੂ ਨਿਰਵੈਰ ਦੀਆਂ ਪਲਕਾਂ ਕੋਲ ਚਮਕ ਰਹੇ ਸਨ।

'ਪ੍ਰੀਤੋ' ਨੇ ਮਸਾਂ ਖੇਡੇ ਲੱਗੇ ਨੱਥੂ ਨੂੰ ਸੈਕਲੀ ਨਾਲੋਂ ਤੋੜਿਆ ਸੀ। ਦੋਵਾਂ ਜੀਆਂ ਨੂੰ ਆਪਣੀ ਜਾਨ ਦੀ ਪਈ ਸੀ ਪਰ ਨੱਥੂ ਸੈਕਲੀ-ਸੈਕਲੀ ਹੀ ਚੀਕਦਾ ਰਹਿ ਗਿਆ। ਪੱਖੋਕਿਆਂ ਤੋਂ ਵਾਹੋਦਾਹੀ ਭੱਜ ਉਹ ਮਸਾਂ ਮੂੰਹ ਹਨੇਰੇ ਗੁਜਰਾਂਵਾਲੇ ਪਹੁੰਚੇ ਤੇ ਇਥੋਂ ਵੀ ਰਾਤ ਦੀ ਗੱਡੀ ਫੜ ਉਹ ਅਣਜਾਣ ਰਾਹਾਂ ਤੋਂ ਦੀ ਹੁੰਦੇ ਹੋਏ ਅੰਮ੍ਰਿਤਸਰ ਅਟਾਰੀ ਸਟੇਸ਼ਨ 'ਤੇ ਆ ਉਤਰੇ ਸਨ। ਸਭ ਕੁਝ ਇਕੋ ਜਿਹਾ ਵੀ ਤਾਂ ਸੀ ਜੋ ਛੱਡ ਆਏ ਤੇ ਜੋ ਦਿਸ ਰਿਹਾ ਸੀ। ਫਿਰ ਆਪਣੀ ਹੀ ਧਰਤੀ 'ਤੇ ਆਪਣੇ ਹੀ ਘਰਾਂ ਵਿਚਲੇ ਪਿਆਰ 'ਚ ਕੁੜੱਤਣ ਕਿਥੋਂ ਆ ਗਈ। ਸ਼ਾਇਦ ਇਹ ਗੱਲ ਉਨ੍ਹਾਂ ਦੇ ਦਿਮਾਗ ਦੇ ਚੱਕਰਵਿਊ ਤੋਂ ਬਾਹਰੀ ਬਾਤ ਹੋ ਨਿਬੜੀ ਸੀ।

ਨਿਰਵੈਰ ਤੇ ਪ੍ਰੀਤੋ ਨੂੰ ਸ਼ਰਨਾਰਥੀ ਕੈਂਪ ਵਿੱਚ ਰਹਿੰਦਿਆਂ ਅਜੇ ਮਹੀਨਾ ਵੀ ਨਹੀਂ ਸੀ ਹੋਇਆ। ਖੁੱਲ੍ਹੇ ਆਕਾਸ਼ ਥੱਲੇ ਬਣੇ ਕੈਂਪ 'ਚ ਬੈਠਿਆਂ ਮਿਲਦੀ ਬੇਵਕਤੀ ਰੋਟੀ ਨੇ ਦੋਵਾਂ ਜੀਆਂ ਦੇ ਅੰਦਰੋਂ ਭੁੱਖ ਦੇ ਅਹਿਸਾਸ ਨੂੰ ਖਤਮ ਕਰ ਦਿੱਤਾ ਸੀ। ਰੱਬ ਆਸਰੇ ਛੱਡ ਆਈ ਖੁੱਲ੍ਹੇ ਘਰ ਨੂੰ ਯਾਦ ਕਰਕੇ ਪ੍ਰੀਤੋ ਨੂੰ ਡੋਬੂ ਪੈਣ ਲਗਦੇ ਪਰ ਨਿਰਵੈਰ ਉਹਦੇ ਅੱਲ੍ਹੇ ਜ਼ਖਮਾਂ ਤੇ ਕਿਆਸ ਦੀ ਟਕੋਰ ਕਰ ਉਹਨੂੰ ਤਸੱਲੀ ਦਿੰਦਾ... ਭਲੀਏ ਲੋਕੇ ਸਾਡੇ ਕੱਲਿਆਂ ਨਾਲ ਤਾਂ ਨੀ ਇਹ ਭਾਣਾ ਵਰਤਿਆ ਸਾਰੀ ਦੁਨੀਆ ਹੀ ਦੋਜ਼ਖ ਦੀ ਭੱਠੀ ਵਿੱਚ ਭੁਜਦੀ ਪਈ ਐ... ਹੁਣ ਰੋਇਆਂ ਤਾਂ ਕੁਝ ਨੀ ਬਣਨਾ... ਹੌਂਸਲਾ ਰੱਖ ਔਹ ਨੀਲੀ ਛੱਤਰੀ ਵਾਲਾ ਸਭ ਜਾਣੀ ਜਾਣ ਐ... ਜੇ ਦਿਨ ਪਾਏ ਐ ਤਾਂ ਆਪੇ ਨਿਬੇੜੂ ਵੀ...।' ਨਿਰਵੈਰ ਭਾਵੇਂ ਪ੍ਰੀਤੋ ਦਾ ਮਨ ਬਨ੍ਹਾ ਦਿੰਦਾ ਪਰ ਅੰਦਰੋਂ ਤਾਂ ਉਹਦੇ ਵੀ ਹੌਂਸਲੇ-ਪਸਤ ਹੋਏ ਪਏ ਸਨ। ਹੁੰਦੇ ਵੀ ਕਿਵੇਂ ਨਾ ਆਉਣ ਵਾਲੀ ਜ਼ਿੰਦਗੀ ਦੇ ਅੱਗੇ ਘੁੱਪ ਹਨੇਰੇ ਤੋਂ ਬਿਨਾਂ ਕੁਝ ਵੀ ਤਾਂ ਦੀਹਦਾ ਨੀਂ ਸੀ ਜੀਹਦੇ ਆਸਰੇ ਮਨ ਦੀ ਢੇਰੀ ਬੱਝਦੀ। ਹੁਣ ਤਾਂ ਦੁਆ ਹੀ ਬਚੀ ਸੀ ਜੋ ਉਹਨੂੰ ਪ੍ਰਮਾਤਮਾ ਦੇ ਘਰ ਦੇਰ ਹੈ ਹਨੇਰ ਨਹੀਂ ਦੀ ਤਸੱਲੀ ਦਿੰਦੀ।

ਹੱਥੋਂ ਤੇ ਜੇਬੋਂ ਖਾਲ੍ਹੀ ਦੋਵੇਂ ਜੀਅ ਕੈਂਪ 'ਚ ਕਈ ਦਿਨਾਂ ਤੋਂ ਭੁੱਖ ਹੰਢਾ ਰਹੇ ਸਨ। ਭੀੜ ਜ਼ਿਆਦੀ ਹੋਣ ਕਰਕੇ ਕਈ ਵਾਰੀ ਰੋਟੀ ਮਿਲਦੀ ਕਈ ਵਾਰੀ ਨਾ। ਪਰ ਨੱਥੂ ਭੁੱਖ ਨਾਲੋਂ ਜ਼ਿਆਦਾ ਲੋਕਾਂ ਦੀਆਂ ਚੀਕਾਂ, ਰੌਲਾ ਤੇ ਚਕਾਚੌਂਧ ਵਾਲੇ ਮਾਹੌਲ ਨੂੰ ਦੇਖ ਕੇ ਸਹਿਮ ਜਾਂਦਾ ਤੇ ਕਈ ਵਾਰੀ ਮੌਤ ਨੂੰ ਹਰਾ ਚੁੱਕੇ ਕਿਸੇ ਜ਼ਖ਼ਮੀ ਦੇ ਖੂਨ ਨਾਲ ਲਿੱਬੜੇ ਲੀੜਿਆਂ ਨੂੰ ਦੇਖ ਕੇ ਡਰ ਜਾਂਦਾ ਤੇ ਘੰਟਿਆਂ ਬੱਧੀ ਰੋਂਦਾ ਰਹਿੰਦਾ। ਇੱਕ-ਦੂਜੇ ਨਾਲ ਰੋਟੀ ਪਿੱਛੇ ਹੁੰਦੀ ਹੱਥੋਪਾਈ ਤੋਂ ਬਾਅਦ ਪ੍ਰਾਪਤ ਹੋਈਆਂ ਦੋ-ਚਾਰ ਸੁੱਕੀਆਂ ਰੋਟੀਆਂ ਨੂੰ ਭੋਰ ਕੇ ਉਹ ਨੱਥੂ ਨੂੰ ਖਵਾ ਛੱਡਦੀ ਤੇ ਆਪ ਦੋਵੇਂ ਜੀਅ ਰੱਬ ਦਾ ਭਾਣਾ ਮੰਨ ਪਾਣੀ ਪੀ ਕੇ ਹੀ ਗੁਜ਼ਾਰਾ ਕਰ ਛੱਡਦੇ।

ਘਰੋਂ ਤੁਰਨ ਲੱਗਿਆਂ ਹਰਫਲੀ ਹੋਈ ਪ੍ਰੀਤੋ ਦੇ ਹੱਥ ਕੁਝ ਵੀ ਨੀਂ ਸੀ ਆਇਆ। ਬੱਸ ਨੱਥੂ ਨੂੰ ਵੀ ਆਪਣੀ ਹਿੱਕ ਨਾਲ ਘੁੱਟ ਉਹ ਸਰਦਾਰ

ਦੀ ਬਾਂਹ ਫੜ ਵਾਹੋਦਾਹੀ ਭੱਜ ਤੁਰੀ ਸੀ। ਇੱਕ ਮੈਲਾ ਜਿਹਾ ਝੋਲਾ ਪਤਾ ਨੀਂ ਕਿੱਥੋਂ ਕਿਵੇਂ ਉਹਦੇ ਹੱਥ ਆ ਗਿਆ। ਜੋ ਉਹਨੇ ਅੰਮ੍ਰਿਤਸਰ ਤਾਈਂ ਘੁੱਟ ਕੇ ਫੜਿਆ ਹੋਇਆ ਸੀ। ਅੱਜ ਜਦੋਂ ਕੈਂਪ ਵਿੱਚ ਜ਼ਿਆਦਾ ਭੀੜ ਹੋਣ ਕਰਕੇ ਰੋਟੀ ਨੀਂ ਸੀ ਜੁੜੀ ਤਾਂ ਭੁੱਖੇ ਵਿਲ੍ਹਕਦੇ ਨੱਥੂ ਨੂੰ ਆਪਣੀ ਦੁੱਧ ਵਿਹੂਣੀ ਹਿੱਕ ਨਾਲ ਘੁੱਟ ਕੇ ਪਿਛਾਂਹ ਛੱਡ ਆਈ ਤਿੰਨ ਸੱਜਰ ਸੂਈਆਂ ਮੱਝਾਂ ਨੂੰ ਯਾਦ ਕਰ-ਕਰ ਕਿੰਨਾ ਹੀ ਚਿਰ ਰੋਂਦੀ ਰਹੀ ਸੀ। ਫਿਰ ਝੋਲੇ ਦਾ ਖਿਆਲ ਆਇਆ ਤਾਂ ਉਹਨੇ ਝੋਲੇ ਨੂੰ ਫੋਲਿਆਂ ਵਿਚੋਂ ਲੱਪ ਕੁ ਫੁੱਲੀਆਂ ਦਾ ਪ੍ਰਸ਼ਾਦ ਤੇ ਇੱਕ ਅਧੋਰਾਣੀ ਜਿਹੀ ਚਾਦਰ ਨਿਕਲੀ ਜੋ ਉਹ ਗੁਰਦੁਆਰੇ ਮੱਥਾ ਟੇਕਣ ਗਏ ਲੈ ਆਏ ਸਨ। ਉਹਨੇ ਭੁੱਖੇ ਵਿਲ੍ਹਕਦੇ ਨੱਥੂ ਨੂੰ ਲੱਪ ਕੁ ਪ੍ਰਸ਼ਾਦ ਨਾਲ ਲਾਲਚ ਲਾ ਲਿਆ ਸੀ। ਮਾਂ ਦੀਆਂ ਅੱਖਾਂ ਵਿਚੋਂ ਵਹਿ ਕੇ ਹਟੇ ਅੱਥਰੂਆਂ ਦੀਆਂ ਸੁੱਕੀਆਂ ਲੀਕਾਂ ਨੂੰ ਦੇਖ ਕੇ ਬੱਚਾ ਆਪਣੀ ਮਾਂ ਦੀ ਛਾਤੀ ਨਾਲ ਸੁੰਗੜ ਗਿਆ।

'ਬੀਬੀ ਆਪਾਂ ਘਰੇ ਨੀ ਜਾਣਾ... ਬੀਬੀ ਘਰੇ ਚੱਲੀਏ... ਮੇਰੀ ਸੈਕਲੀ... ਆ ਚੱਲੀਏ...।' ਨੱਥੂ ਡੁਸਕਣ ਲੱਗ ਪਿਆ। ਪੁੱਤ ਦੀਆਂ ਭੋਲੀਆਂ ਗੱਲਾਂ ਸੁਣ ਕੇ ਮਾਂ ਦੇ ਅੰਦਰੋਂ ਰੁਗ ਭਰਿਆ ਗਿਆ। ਉਹ ਭੋਰਾ ਜਿੰਨੀ ਜਿੰਦ ਨੂੰ ਕਿਵੇਂ ਸਮਝਾਵੇ ਬਈ ਹੁਣ ਸਾਡਾ ਕੋਈ ਘਰ ਨੀ ਰਿਹਾ ਤੇ ਨਾ ਈ ਪਿੰਡ। ਸਭ ਉਜੜ-ਪੁਜੜ ਗਿਆ ਸੀ। ਚੌਧਰਾਂ ਦੇ ਭੁੱਖਿਆਂ ਨੇ ਸਭ ਪਾਸੇ ਉਜਾੜਾ ਪਾ ਛੱਡਿਆ ਸੀ। ਸਭ ਲੁੱਟ ਹੋ ਗਿਆ ਦਿਨ-ਦਿਹਾੜੇ।

ਸਰਦਾਰ ਚਰਨ ਸਿਹੁੰ ਕਿਸੇ ਮੁਸਲਮਾਨ ਪਰਿਵਾਰ ਨੂੰ ਕੈਂਪ 'ਚ ਛੱਡਣ ਆਇਆ, ਸਿੱਖਾਂ ਦੇ ਕੈਂਪ 'ਚ ਵੀ ਆ ਵੜਿਆ। ਮਤਾਂ ਕੋਈ ਜਾਣ-ਪਛਾਣ ਵਾਲਾ ਈ ਮਿਲਜੇ ਕਿਉਂਕਿ ਲਾਹੌਰੋਂ ਪਰ੍ਹੇ ਵਸਦੇ ਪਿੰਡਾਂ ਵਿੱਚ ਉਨ੍ਹਾਂ ਦੀਆਂ ਵੀ ਸਕੀਰੀਆਂ ਸਨ। ਨਿਰਵੈਰ ਤੇ ਪ੍ਰੀਤੋ ਨਾਲ ਭੁੱਖੇ ਵਿਲ੍ਹਕਦੇ ਨੱਥੂ ਨੂੰ ਦੇਖ ਕੇ ਉਹਦੇ ਮਨ 'ਚ ਤਰਸੇਵਾਂ ਜਿਹਾ ਪੈਦਾ ਹੋ ਗਿਆ ਤੇ ਉਹ ਉਨ੍ਹਾਂ ਨੂੰ ਚੁੱਕ ਆਪਣੇ ਘਰ ਲੈ ਆਇਆ।

'ਦੇਖ ਬਈ ਸਰਦਾਰਾ ਨਫ਼ਰਤ ਦੀਆਂ ਗਰਮ ਹਵਾਵਾਂ ਨੇ ਸਾਰੀ ਦੁਨੀਆ ਈ ਝੁਲਸ ਕੇ ਰੱਖ ਦਿੱਤੀ ਐ। ਪਤਾ ਨੀਂ ਕਿਸ ਡਾਢ੍ਹੇ ਦੀ ਨਜ਼ਰ ਲੱਗ ਗਈ ਵਸਦੇ-ਰਸਦੇ ਘਰਾਂ ਨੂੰ। ਮੈਂ ਤੇਰੇ ਮਨ ਦੀ ਹਾਲਤ ਸਮਝਦਾਂ, ਪਰ ਕੀ ਕਰ ਸਕਦੇ ਆਂ। ਜੋ ਵਾਪਰਨਾ ਸੀ ਉਹ ਤਾਂ ਵਾਪਰ ਚੁੱਕੈ, ਹੁਣ ਤੂੰ ਉਧਰਲੇ ਨੂੰ ਭੁੱਲ ਜਾ, ਉਹ ਚਾਹ ਕੇ ਵੀ ਤੇਰੇ ਹੱਥ ਆਉਣ ਵਾਲਾ ਨਈਂ। ਨਕਸ਼ੇ 'ਤੇ ਖਿੱਚੀਆਂ ਲੀਕਾਂ ਹੀ ਹੁਣ ਤਾਂ ਸਾਡਾ ਭਾਗ ਬਣ ਗਈਆਂ ਨੇ। ਜਿੰਨਾਂ ਚਿਰ ਇਹ ਹੱਲਾ-ਗੁੱਲਾ ਖਤਮ ਨੀ ਹੁੰਦਾ ਤੂੰ ਮੇਰੇ ਘਰ ਈ ਰਹੁ, ਜਦੋਂ ਪ੍ਰਮਾਤਮਾ ਨੇ ਦਿਨ ਬਦਲੇ ਤੂੰ ਆਪਣਾ ਬਣਾ ਲਵੀਂ। ਪਰ ਮੈਨੂੰ ਕਦੀ ਓਪਰਾ ਨਾ ਜਾਣੀ, ਵਕਤ ਪਏ ਤੇ ਬੰਦਾ ਈ ਬੰਦੇ ਦਾ ਦਾਰੂ ਹੁੰਦੈ ਭਰਾਵਾ।'

ਚਰਨ ਸਿਹੁੰ ਵਰਗਾ ਭਲਾ ਲੋਕ ਬੰਦਾ ਨਿਰਵੈਰ ਨੇ ਪਹਿਲਾਂ ਕਦੇ ਨੀਂ ਸੀ ਡਿੱਠਾ। ਬਿਨਾਂ ਕਿਸੇ ਜਾਣ-ਪਛਾਣ, ਬਿਨਾਂ ਕਿਸੇ ਰਿਸ਼ਤੇਦਾਰੀ ਤੋਂ ਅਣਜਾਣੀਆਂ ਰੂਹਾਂ ਨੂੰ ਆਪਣੇ ਘਰ ਦੀ ਛੱਤ ਹੇਠ ਪਨਾਹ ਦੇ ਕੇ ਉਹਨੇ ਨਿਰਵੈਰ ਦਾ ਆਪਾ-ਆਪ ਕਰਜ਼ਾਈ ਕਰ ਛੱਡਿਆ ਸੀ। ਇੱਕ ਉਹ ਵੀ ਇਨਸਾਨ ਸਨ ਜੋ ਇੱਕ-ਦੂਜੇ ਦੇ ਖ਼ੂਨ ਦੇ ਪਿਆਸੇ ਹੋਏ ਪਏ ਸਨ ਤੇ ਇੱਕ ਇਹ ਵੀ ਇਨਸਾਨ ਸੀ ਜੋ ਜ਼ਿੰਦਗੀਆਂ ਬਚਾਉਣ ਲਈ ਕਮਰਕੱਸੀ ਖੜ੍ਹਾ ਸੀ। ਪਹਿਲਾਂ ਉਹਨੇ ਇੱਕ ਜਾਣ-ਪਛਾਣ ਦੇ ਮੁਸਲਮਾਨ ਪਰਿਵਾਰ ਨੂੰ ਦਸ ਦਿਨ ਘਰ 'ਚ ਲਕੋਅ ਕੇ ਆਪਣੇ ਮਜ਼ਹਬ ਨਾਲ ਦੁਸ਼ਮਣੀ ਸਹੇੜਨ ਵਾਲਾ ਕੰਮ ਕੀਤਾ ਸੀ ਤੇ ਹੁਣ ਨਿਰਵੈਰ ਹੁਰਾਂ ਨੂੰ ਲਿਆ ਕੇ ਘਰ 'ਚ ਨਵੇਂ ਕਲੇਸ਼ ਨੂੰ ਜਨਮ ਦੇ ਲਿਆ ਸੀ। ਉਹਦੇ ਘਰ ਦੀ ਸਰਦਾਰਨੀ ਬੜੇ ਚੰਦਰੇ ਸੁਭਾਅ ਦੀ ਸੀ। ਉਹ ਮਾੜੇ ਸਮੇਂ ਤੋਂ ਡਰਦੀ ਸੀ ਜਾਂ ਉਹਦਾ ਸੁਭਾਅ ਈ ਐਸ ਤਰ੍ਹਾਂ ਦਾ ਸੀ, ਇਹ ਅਨੁਮਾਨ ਲਾਉਣਾ ਉਨ੍ਹਾਂ ਦੇ ਸਮਝੋਂ ਬਾਹਰ ਸੀ।

'ਵੇਅ ਬੰਦਿਆ ਤੂੰ ਆਪ ਤਾਂ ਮਰਨਾ ਈ ਏ ਨਾਲ ਸਾਨੂੰ ਵੀ ਮਰਵਾਏਂਗਾ। ਪਹਿਲਾਂ ਉਨ੍ਹਾਂ ਮੁਸਲਿਆਂ ਨੂੰ ਦਸ ਦਿਨ ਘਰ 'ਚ ਬਿਠਾ ਕੇ ਤੂੰ ਭਾਈਚਾਰੇ 'ਚ ਥੂ-ਥੂ ਕਰਾਈ ਤੇ ਹੁਣ ਆਹ ਉਜੜੇ-ਪੁਜੜੇ ਕਿੱਥੋਂ ਚੁੱਕ ਲਿਆਇਐਂ। ਮੈਂ ਆਪਣੇ ਘਰ ਕਿਸੇ ਨੂੰ ਨੀਂ ਜੇ ਰਹਿਣ ਦੇਣਾ। ਸਾਨੂੰ ਤਾਂ ਆਵਦੀ ਜਾਨ ਈ ਪਿਆਰੀ ਐ, ਅਸੀਂ ਕਿਸੇ ਤੋਂ ਕੀ ਲੈਣੈ, ਕੋਈ ਮਰੇ ਕੋਈ ਜੀਵੇ ਸਾਨੂੰ ਕੀ...।' ਸਰਦਾਰਨੀ ਦੋਵਾਂ ਜੀਆਂ ਵੱਲ ਅੱਖਾਂ ਕੱਢ ਰਹੀ ਸੀ।

'ਤੀਂਵੀਏਂ ਰੱਬ ਦੇ ਵਾਸਤੇ ਚੁੱਪ ਕਰ ਜਾ, ਤਪਿਆਂ ਨੂੰ ਹੋਰ ਨਾ ਤਪਾ। ਉਸ ਡਾਢ੍ਹੇ ਰੱਬ ਤੋਂ ਡਰ। ਕਿਸੇ ਭੈਣ-ਭਰਾ ਨੂੰ ਆਸਰਾ ਦੇ ਦਿਆਂਗੇ ਤਾਂ ਸਾਡਾ ਕੀ ਘਸਜੂ। ਬਾਕੀ ਰਹੀ ਤੇਰੇ ਭਾਈਚਾਰੇ ਦੀ ਗੱਲ... ਮੈਂ ਕਿਹੜਾ ਕਿਸੇ ਦੇ ਘਰੋਂ ਲੈਣ ਜਾਣਾ ਕੁਝ, ਅਸੀਂ ਆਵਦੇ ਘਰ ਕਿਸੇ ਨੂੰ ਰੱਖੀਏ... ਕਿਸੇ ਨੇ ਕੀ ਲੈਣੈ ਭਲਾ ਵਿੱਚੋਂ...।' ਸਰਦਾਰ ਚਰਨ ਸਿਹੁੰ ਨਿਰਵੈਰ ਹੁਰਾਂ ਦੀ ਢਾਲ ਬਣ ਗਿਆ ਸੀ।

ਨਿਰਵੈਰ ਹੋਰਾਂ ਦੇ ਘਰ 'ਚ ਰਹਿਣ ਕਰਕੇ ਸਰਦਾਰਨੀ ਤੇ ਸ: ਚਰਨ ਸਿਹੁੰ ਵਿੱਚ ਨਿੱਤ ਤੂੰ-ਤੂੰ, ਮੈਂ-ਮੈਂ ਹੁੰਦੀ ਰਹਿੰਦੀ ਤੇ ਫਿਰ ਇੱਕ ਦਿਨ ਦੁਖੀ ਹੋਏ ਸਰਦਾਰ ਨੇ ਪਸ਼ੂਆਂ ਦੇ ਵਾੜੇ 'ਚ ਬਣਿਆ ਸੀਰੀ ਦਾ ਕਮਰਾ ਉਨ੍ਹਾਂ ਨੂੰ ਦੇ ਦਿੱਤਾ। ਜੋ ਰਿਹਾਇਸ਼ ਤੋਂ ਲੱਕ-ਲੱਕ ਕੱਚੀ ਕੰਧ ਕਰਕੇ ਅੱਡ ਕੀਤਾ ਹੋਇਆ ਸੀ।

ਬਿਗਾਨੀ ਥਾਂ ਦੇ ਸ਼ਾਂਤ ਵਾਤਾਵਰਨ ਤੇ ਖੁੱਲ੍ਹੇ ਘਰ 'ਚ ਨੱਥੂ ਦਾ ਹੁਣ ਚਿੱਤ ਲੱਗਣ ਲੱਗ ਪਿਆ ਸੀ। ਸ: ਚਰਨ ਸਿਹੁੰ ਦਾ ਮੁੰਡਾ ਮੇਲੂ ਉਹ ਤੋਂ ਮਸਾਂ ਸਾਲ ਕੁ ਵੱਡਾ ਸੀ। ਉਹ ਉਹਦੇ ਨਾਲ ਖੇਡੇ ਜਾ ਲੱਗਾ। ਸਰਦਾਰਨੀ ਨੇ ਮੇਲੂ ਦੇ ਛੋਟੇ ਹੋ ਚੁੱਕੇ ਕੱਪੜੇ ਤੇ ਆਪਣੇ ਦੋ ਸੂਟਾਂ ਨਾਲ ਸਰਦਾਰ ਦਾ ਇੱਕ ਕੁੜਤਾ ਪਜਾਮਾ ਸੀਰੀ ਦੇ ਹੱਥ ਭੇਜ ਦਿੱਤਾ ਸੀ। ਦੋਵੇਂ ਜੀਅ ਇੱਕ ਪਾ ਛੱਡਦੇ ਤੇ ਇੱਕ ਧੋ ਛੱਡਦੇ। ਦੋ ਵਕਤ ਢਿੱਡ ਨੂੰ ਰੋਟੀ ਦਾ ਝੋਕਾ ਦੇਣ ਖਾਤਰ ਪ੍ਰੀਤੋ ਸਾਰਾ ਦਿਨ ਸੀਰੀ ਨਾਲ ਮਾਲ ਡੰਗਰ ਸਾਂਭਦੀ ਰਹਿੰਦੀ।

ਮੇਲੂ ਦੀ ਨੀਕਰ ਤੇ ਝੱਗਾ ਪਾਈ ਜਦੋਂ ਨੱਥੂ ਉਹਦੇ ਨਾਲ ਖੇਡਣ ਗਿਆ ਤਾਂ ਮੇਲੂ ਨੇ ਉਹਨੂੰ ਧੱਕਾ ਮਾਰ ਕੇ ਇੱਟਾਂ ਦੀ ਢੇਰੀ 'ਤੇ ਸੁੱਟ ਦਿੱਤਾ... ਲਾਹ ਮੇਰੀ ਨੀਕਰ... ਲਾਹ ਮੇਰੀ ਨੀਕਰ...। ਮੇਲੂ ਦੀ ਹੱਠ ਨੇ ਨਿਆਣੇ ਨੂੰ ਤੇੜੋਂ ਨੰਗਾ ਕਰ ਸੁੱਟਿਆ ਸੀ। ਉੱਚੀ-ਉੱਚੀ ਪੈਂਦੀਆਂ ਨੱਥੂ

ਦੀਆਂ ਚੀਕਾਂ ਸੁਣ ਕੇ ਪ੍ਰੀਤੋ ਦਾ ਅੰਦਰ ਲੂਹਿਆ ਗਿਆ। ਉਹ ਗੋਹੇ ਨਾਲ ਲਿੱਬੜੇ ਹੱਥਾਂ ਸਣੇ ਨੱਥੂ ਵੱਲ ਭੱਜੀ, ਉਹ ਨੰਗ-ਧੜੰਗਾ ਹੇਠਾਂ ਲਿਟੀ ਜਾ ਰਿਹਾ ਸੀ। ਸਰਦਾਰਨੀ ਮੇਲੂ ਨੂੰ ਕੁਝ ਕਹਿਣ ਦੀ ਥਾਂ ਰਸੋਈ 'ਚ ਖੜ੍ਹੀ ਦੰਦੀਆਂ ਕੱਢੀ ਜਾ ਰਹੀ ਸੀ। ਪ੍ਰੀਤੋ ਦੀਆਂ ਅੱਖਾਂ 'ਚੋਂ ਅੱਥਰੂ ਸਿੰਮ ਪਏ ਸਨ। 'ਹਾਏ ਨੀਂ ਕਿਸਮਤੇ... ਇਹ ਕਿਹੋ ਜੀ ਜ਼ਨਾਨੀ ਐ... ਭੋਰਾ ਜਿੰਨੇ ਨਿਆਣੇ ਤੇ ਇਹਨੂੰ ਭੋਰਾ ਤਰਸ ਨਾ ਆਇਆ, ਭਲਾ ਲੜਦੇ ਨਿਆਣਿਆਂ ਨੂੰ ਵੀ ਨੀ ਰੋਕ ਸਕੀ...।' ਉਹਦਾ ਹੌਕਾ ਜਿਹਾ ਨਿਕਲ ਗਿਆ।

ਮੇਲੂ ਦੀ ਭੂਆ ਮਿਲਣ ਆਈ ਉਹਨੂੰ ਆਪਣੇ ਨਾਲ ਲੈ ਗਈ ਸੀ ਤੇ ਨੱਥੂ ਵੀ ਕਈ ਦਿਨ ਉਧਰ ਨਾ ਗਿਆ। ਉਹਦੀ ਸੈਕਲੀ ਵਰਾਂਡੇ ਦੀ ਨੁੱਕਰੇ ਖਾਲੀ ਸੁੰਨੀ ਪਈ ਸੀ। ਇੱਕ ਦਿਨ ਸਰਦਾਰਨੀ ਸੁੱਤੀ ਪਈ ਸੀ ਤੇ ਪ੍ਰੀਤੋ ਵੀ ਕੰਮ 'ਚ ਰੁਝੀ ਅਵੇਸਲੀ ਜਿਹੀ ਹੋ ਗਈ ਸੀ। ਨੱਥੂ ਨੇ ਮਾਂ ਤੋਂ ਅੱਖ ਬਚਾਅ ਸੈਕਲੀ ਨੂੰ ਜਾ ਹੱਥ ਪਾਇਆ, ਝਾੜੂ ਲਾਉਂਦੀ ਪ੍ਰੀਤੋ ਦੀ ਨਿਗ੍ਹਾ ਕੰਧ ਤੋਂ ਦੀ ਨੱਥੂ ਨੂੰ ਟੋਲ ਰਹੀ ਸੀ। ਉਹ ਸੈਕਲੀ ਵਰਾਂਡੇ 'ਚੋਂ ਕੱਢ ਕੇ ਚਲਾਉਣ ਲਈ ਲੱਗਾ ਸੀ ਖੜਕਾ ਸੁਣ ਕੇ ਸਰਦਾਰਨੀ ਦੀ ਅੱਖ ਖੁੱਲ੍ਹ ਗਈ। ਉਸ ਗੁੱਸੇ 'ਚ ਆਈ ਨੇ ਨੱਥੂ ਤੋਂ ਸੈਕਲੀ ਖੋਹ ਰਸੋਈ ਦੀ ਛੱਤ 'ਤੇ ਸੁੱਟ ਦਿੱਤੀ ਤੇ ਪੈਰੀਂ ਪਾਈ ਜੁੱਤੀ ਲਾਹ ਦੋ-ਤਿੰਨ ਮਾਰ ਕੇ ਭਜਾ ਦਿੱਤਾ। ਸਰਦਾਰਨੀ ਨੂੰ ਨੱਥੂ ਦੇ ਮਾਰਦਿਆਂ ਪ੍ਰੀਤੋ ਨੇ ਦੇਖ ਲਿਆ ਸੀ ਪਰ ਉਹ ਅੰਦਰੇ-ਅੰਦਰ ਕੋਲਾ ਹੋ ਕੇ ਰਹਿ ਗਈ।

ਜ਼ਮੀਨਾਂ ਦੀ ਅਲਾਟਮੈਂਟ ਸ਼ੁਰੂ ਹੋ ਗਈ ਸੀ। ਸ: ਚਰਨ ਸਿਹੁੰ ਦੀ ਭੱਜ-ਨੱਠ ਸਦਕਾ ਨਿਰਵੈਰ ਸਿਹੁੰ ਨੂੰ ਨਾਲ ਦੇ ਪਿੰਡ 'ਚ ਈ ਨਿਆਈਂ ਵਾਲੀ ਪੰਦਰਾਂ ਕਿੱਲੇ ਜ਼ਮੀਨ ਮਿਲ ਗਈ ਸੀ ਪਰ ਕਾਗਜ਼ੀ ਕਾਰਵਾਈ ਨੇ ਦੋਵਾਂ ਦੇ ਪੈਰੀਂ ਪਾਈ ਜੁੱਤੀ ਦੇ ਤਲੇ ਘਸਾ ਛੱਡੇ ਸਨ। ਦੋ-ਦੋ ਗੇੜੇ ਹਰ ਰੋਜ਼ ਕਚਹਿਰੀ ਲਾਉਣੇ ਪੈਂਦੇ। ਇੱਕ ਆਸ ਦੇ ਮੱਧਮ ਬਲਦੇ ਦੀਵੇ ਦੀ ਲਾਟ ਹੋਰ ਉੱਚੀ ਹੁੰਦੀ ਜਾਪਦੀ ਸੀ। ਪੱਟੜੀਉਂ ਲੱਥੀ ਜ਼ਿੰਦਗੀ ਦੀ ਗੱਡੀ ਮੁੜ ਲੀਹ 'ਤੇ ਆ ਜਾਣ ਦਾ ਸਬੱਬ ਬਣਦਾ ਦੀਂਹਦਾ ਸੀ।

ਸਰਦਾਰ ਹੋਰੀਂ ਅੱਜ ਮੁੜ ਸਵੇਰ ਦੇ ਈ ਕਚਹਿਰੀ ਰਜਿਸਟਰੀ ਦੇ ਕਾਗਜ਼ ਲੈਣ ਗਏ ਹੋਏ ਸਨ। ਨੱਥੂ ਵੀ ਆਪਣੇ ਬਾਪੂ ਦੇ ਨਾਲ ਜਾਣ ਦੀ ਜ਼ਿੱਦ ਕਰੀ ਬੈਠਾ ਸੀ। ਪਰ ਸਾਰਾ ਦਿਨ ਭੱਜ-ਦੌੜ ਕਰਕੇ ਨਿਰਵੈਰ ਸਿਹੁੰ ਨੂੰ ਜਵਾਕ ਦਾ ਸਾਥ ਚੰਗਾ ਨਾ ਲੱਗਾ ਤੇ ਉਹ ਉਹਨੂੰ ਦਬਕਾ ਮਾਰ ਕੇ ਘਰ ਈ ਛੱਡ ਗਿਆ। ਨੱਥੂ ਉਹਦੇ ਜਾਣ ਪਿੱਛੋਂ ਬਹੁਤ ਦੇਰ ਤਾਈਂ ਰੋਂਦਾ ਰਿਹਾ '... ਮੈਂ ਸੈਕਲੀ ਲੈਣ ਜਾਵਾਂ ਬੀਬੀ ਮੈਨੂੰ ਸੈਕਲੀ ਲੈ ਦੇ... ਮੈਂ ਸੈਕਲੀ ਚਲਾਉਣੀ ਐਂ... ਬੀਬੀ ਸੈਕਲੀ...।' ਮੁੰਡੇ ਦੀਆਂ ਗੋਲ-ਗੋਲ ਮੋਟੀਆਂ ਅੱਖਾਂ ਰੋ-ਰੋ ਕੇ ਸੁੱਜੀਆਂ ਪਈਆਂ ਸਨ। ਪ੍ਰੀਤੋ ਨੂੰ ਨੱਥੂ 'ਤੇ ਤਰਸ ਜਿਹਾ ਆ ਗਿਆ, ਨਿਆਣੇ ਦੀ ਜ਼ਿੱਦ ਪਿੱਛੇ ਮਾਂ ਦੇ ਹੱਥ ਖੜ੍ਹੇ ਹੋ ਗਏ ਸਨ। ਸੰਗਰਾਂਦ ਹੋਣ ਕਰਕੇ ਸਰਦਾਰਨੀ ਸਵੇਰ ਦੀ ਈ ਗੁਰਦੁਆਰੇ ਗਈ ਹੋਈ ਸੀ। ਪ੍ਰੀਤੋ ਨੇ ਸੋਚਿਆ ਚਲੋ ਜਦੋਂ ਤਾਈਂ ਉਹ ਮੁੜੂਗੀ ਉਨੀ ਦੇਰ ਤਾਂ ਮੈਂ ਇਹਨੂੰ ਲਾਲਚ ਲਾਵਾਂ ਤੇ ਉਹਨੇ ਰਸੋਈ ਦੀ ਛੱਤ ਤੋਂ ਸੈਕਲੀ ਲਾਹ ਕੇ ਨੱਥੂ ਨੂੰ ਦੇ ਦਿੱਤੀ। ਨੱਥੂ ਤੋਂ ਖੁਸ਼ੀ ਸਾਂਭੀ ਨੀ ਸੀ ਜਾਂਦੀ। ਹੰਝੂਆਂ ਭਰੀਆਂ ਅੱਖਾਂ 'ਚੋਂ ਖੁਸ਼ੀ ਦੀ ਲਹਿਰ ਦੇਖ ਕੇ ਮਾਂ ਨੇ ਉਹਦਾ ਮੂੰਹ ਚੁੰਮ ਲਿਆ।

ਨੱਥੂ ਵਾਹਵਾ ਖੇਡੇ ਲੱਗਾ ਹੋਇਆ ਸੀ। ਪ੍ਰੀਤੋ ਸਰਦਾਰਨੀ ਦੇ ਆਉਣ ਦੀ ਗੱਲ ਭੁੱਲ ਗਈ ਸੀ। ਅਚਾਨਕ ਤਿੰਨ ਕੁ ਵਜੇ ਸਰਦਾਰਨੀ ਘਰ ਦਾ ਗੇਟ ਲੰਘ ਆਈ। ਵੱਡੇ ਸਾਰੇ ਚੌੜੀਆਂ ਝੀਥਾਂ ਵਾਲੇ ਗੇਟ ਦੀ ਘਰੜ ਕਰਕੇ ਖੁੱਲ੍ਹਣ ਦੀ ਆਵਾਜ਼ ਨੇ ਜਿਵੇਂ ਪ੍ਰੀਤੋ ਨੂੰ ਜਗਾ ਦਿੱਤਾ ਹੋਵੇ। ਉਹ ਮਸਾਂ ਭੱਜ ਕੇ ਕੰਧ ਕੋਲ ਹੀ ਗਈ ਸੀ।

'ਹੈਂ... ਵੇ ਤੈਨੂੰ ਕੀਹਨੇ ਸੈਕਲੀ ਲਾਹ ਕੇ ਦਿੱਤੀ ਐ। ਪਤਾ ਨੀ ਕਦੋਂ ਮਗਰੋਂ ਲਹੂਗਾ ਘੋਗੜ ਕੰਨਾਂ ਜਿਹਾ... ਜਿੰਨਾ ਚਿਰ ਨਿਆਣਾ ਘਰ ਰਿਹਾ ਇਹਨੇ ਇੱਕ ਦਿਨ ਨੀ ਉਹਨੂੰ ਚੈਨ ਨਾਲ ਖੇਡਣ ਦਿੱਤਾ ਨਾ ਤੇਰੇ ਪਿਓ ਦੀ ਲੈ ਕੇ ਦਿੱਤੀ ਹੋਈ ਐ ਉਜੜਿਆਂ-ਪੁਜੜਿਆਂ ਦਿਆ...।' ਸਰਦਾਰਨੀ ਬੋਲੀ ਜਾ ਰਹੀ ਸੀ। ਨੱਥੂ ਸੁੰਗੜਿਆ ਖੜ੍ਹਾ ਸੀ।

'ਗਲੀ 'ਚ ਜਾਂਦਾ ਕਬਾੜੀਆ, ਟੁੱਟਾ-ਭੱਜਾ ਲੋਹਾ, ਖਾਲੀ ਬੋਤਲਾਂ, ਬੋਰੀਆਂ ਵੇਚ ਲੈ...' ਦੀ ਆਵਾਜ਼ ਦੇ ਰਿਹਾ ਸੀ। '...ਲੈ ਅੱਜ ਇਹਦਾ ਫਸਤਾ ਈ ਵੱਢ ਦਿੰਨੀ ਆਂ... ਫੇਰ ਖੇਡ ਲੀਂ ਖੁੱਲ੍ਹ ਕੇ... ਹਰਾਮੀ ਕਿਤੋਂ ਦਾ...।' ਉਹਨੇ ਕਬਾੜੀਏ ਨੂੰ ਆਵਾਜ਼ ਮਾਰ ਕੇ ਸੈਕਲੀ ਉਹਦੇ ਹੱਥ ਫੜਾ ਦਿੱਤੀ ਤੇ ਬਦਲੇ 'ਚ ਉਹਤੋਂ ਗਲਾਸੀਆਂ ਲੈ ਲਈਆਂ। ਸੈਕਲੀ ਦਾ ਮੁੱਲ ਵੱਟਦੀ ਸਰਦਾਰਨੀ ਨੂੰ ਦੇਖਕੇ ਨੱਥੂ ਤੇ ਪ੍ਰੀਤੋ ਤੋਂ ਜਰਿਆ ਨਾ ਗਿਆ। ਜਵਾਕ ਰੋਂਦਾ-ਰੋਂਦਾ ਬਾਹਰਲੇ ਗੇਟ ਤਾਈਂ ਉਹਦੇ ਪਿੱਛੇ ਗਿਆ ਤੇ ਝੀਥਾਂ ਵਿਚੋਂ ਦੀ ਉਹ ਕਬਾੜੀਏ ਨੂੰ ਦੇਖ-ਦੇਖ ਕਿੰਨਾ ਈ ਚਿਰ ਹਾਲ ਦੁਹਾਈ ਪਾਉਂਦਾ ਰਹਿ ਗਿਆ। ਪ੍ਰੀਤੋ ਉਹਨੂੰ ਚੱਕ ਉਹਲੇ ਲੈ ਗੀ ਪਰ ਉਹ ਅਜੇ ਵੀ ਉਧਰ ਈ ਹੱਥ ਕਰ-ਕਰਕੇ ਰੋ ਰਿਹਾ ਸੀ। ਅੱਥਰੂ ਮਾਂ ਦੀਆਂ ਅੱਖਾਂ 'ਚੋਂ ਵੀ ਸਿੰਮ ਪਏ ਸਨ।

ਪ੍ਰੀਤੋ ਨੇ ਦੁੱਖਾਂ ਭਰੀ ਜ਼ਿੰਦਗੀ 'ਚ ਲੰਘ ਰਹੇ ਸਮੇਂ ਨੂੰ ਤਾਂ ਹਾਣੀ ਬਣਾ ਲਿਆ ਸੀ ਪਰ ਨਿਆਣੇ ਦੀ ਖੇਡ ਖੁਸ ਜਾਣ ਦੇ ਗਮ ਨੇ ਉਹਦੇ ਜ਼ਖਮਾਂ ਦੇ ਖਰੀਂਡ ਉਚੇੜ ਕੇ ਰੱਖ ਦਿੱਤੇ ਸਨ। ਉਹਨੇ ਰੋ-ਰੋ ਆਪਣਾ-ਆਪ ਕੋਹ ਸੁੱਟਿਆ ਸੀ। ਮਾਂ ਦੀਆਂ ਅੱਖਾਂ 'ਚੋਂ ਸਿੰਮਦੇ ਅੱਥਰੂ ਤਾਂ ਨੱਥੂ ਨੇ ਕਈ ਵਾਰੀ ਦੇਖੇ ਸਨ ਪਰ ਧਾਹਾਂ ਮਾਰ ਕੇ ਰੋਂਦੀ ਨੂੰ ਅੱਜ ਪਹਿਲੀ ਵਾਰ ਦੇਖਿਆ ਸੀ। ਉਹ ਸਹਿਮ ਗਿਆ, ਮਾਂ ਦੀ ਹੌਂਕਦੀ ਹਿੱਕ ਨਾਲ ਚਿੰਬੜ ਗਿਆ।

ਸ਼ਾਮੀਂ ਹੱਥ 'ਚ ਜ਼ਮੀਨ ਦੇ ਕਾਗਜ਼ ਫੜੀ ਨਿਰਵੈਰ ਸਿਹੁੰ ਘਰ ਆ ਗਿਆ ਸੀ। ਪ੍ਰੀਤੋ ਮੂੰਹ 'ਤੇ ਚੁੰਨੀ ਧਰੀ ਅਜੇ ਵੀ ਰੋ ਰਹੀ ਸੀ। ਨਿਰਵੈਰ ਨੇ ਜਦੋਂ ਜ਼ਮੀਨ ਮਿਲ ਜਾਣ ਦੀ ਗੱਲ ਪ੍ਰੀਤੋ ਨੂੰ ਆਖੀ ਤਾਂ ਉਹ ਝੂਠਾ ਜਿਹਾ ਮੁਸਕਰਾ ਪਈ। ਮੁੜ ਉਹਨੇ ਸਾਰੀ ਦਿਨ ਦੀ ਬੀਤੀ ਕਹਾਣੀ ਸਰਦਾਰ ਨੂੰ ਕਹਿ ਸੁਣਾਈ। ਖੁਸ਼ੀ ਤੇ ਗ਼ਮੀ ਦਾ ਮਿਲਗੋਭਾ ਹੋਏ ਦੋਵੇਂ ਜੀਅ ਕਾਫ਼ੀ ਦੇਰ ਤਾਈਂ ਡੁਸਕਦੇ ਰਹੇ।

ਮਾਂ ਦੀਆਂ ਸਿਸਕੀਆਂ ਨੇ ਸੁੱਤੇ ਪਏ ਨੱਥੂ ਦੀ ਅੱਖ ਖੋਲ੍ਹ ਦਿੱਤੀ। ਜਦੋਂ ਉਹ ਅੱਖਾਂ ਮਲਦਾ ਉਠਿਆ ਤਾਂ ਮਾਂ ਨੇ ਉਹਨੂੰ ਗਲ ਨਾਲ ਘੁੱਟ ਲਿਆ।

'ਲੈ ਨੀ ਮੇਰੀ ਮਿੱਠੀ ਵੀ ਉਠ ਪਈ... ਹੁਣ ਆਪਾਂ ਸੈਕਲੀ ਲੈਣ ਜਾਵਾਂਗੇ... ਤੂੰ ਆਂਹਦਾ ਸੀ ਨਾ ਆਪਾਂ ਘਰ ਚੱਲੀਏ... ਹੁਣ ਆਪਾਂ ਆਪਣਾ ਨਵਾਂ ਘਰ ਵੀ ਬਣਾਵਾਂਗੇ... ਤੇ ਨਵੇਂ-ਨਵੇਂ ਲੀੜੇ ਵੀ ਲਵਾਂਗੇ...।' ਪ੍ਰੀਤੋ ਨੇ ਖੇਡੋਂ ਤਰਸੇ ਨਿਆਣੇ ਨੂੰ ਢੇਰ ਸਾਰਾ ਪਿਆਰ ਦੇ ਕੇ ਤਸੱਲੀ ਦਿੱਤੀ।

'ਨਹੀਂ ਬੀਬੀ ਤੂੰ ਰੋਈਂ ਨਾ... ਮੈਂ ਨੀ ਸੈਕਲੀ ਲੈਣੀ... ਮੈਂ... ਮੈਂ... ਸੈਕਲੀ ਨੀ ਚਾਉਣੀ... ਮੈਂ... ਮੈਂ... ਨੀ ਸੈਕਲੀ... ਤੂੰ ਰੋਈਂ ਨਾ ਮਾਂ...।' ਤੇ ਨਿਆਣੇ ਦਾ ਹਓਕਾ ਜਿਹਾ ਨਿਕਲ ਗਿਆ।

-ਗੁਰਮੀਤ ਆਰਿਫ਼